# ਕੋਈ ਡਾਲੀਆਂ ਚੋਂ ਲੰਘਿਆ ਹਵਾ ਬਣਕੇ: ਸੁਰਜੀਤ ਪਾਤਰ

ਕੁਲਵੀਰ ਗੋਜਰਾ, ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ

ਸੁਰਜੀਤ ਪਾਤਰ ਸਾਡੇ ਸਮਿਆਂ ਦਾ ਧਰੂ ਤਾਰਾ ਸੀ। ਪੰਜਾਬੀ ਅਦਬ ਦੇ ਅਸਮਾਨ ਵਿਚ ਉਸ ਦੀ ਵੱਖਰੀ ਹੀ ਚਮਕ, ਦਮਕ ਤੇ ਸ਼ਾਨ ਸੀ। ਉਹ ਪੰਜਾਬੀ ਸ਼ਾਇਰੀ ਨੂੰ ਨਵੀਆਂ ਬੁਲੰਦੀਆਂ ਤਕ ਲੈ ਕੇ ਗਿਆ। ਸਾਡੇ ਸਮਿਆਂ ਵਿਚ ਉਸ ਨੂੰ ਸਭ ਤੋਂ ਵੱਧ ਪੜ੍ਹਿਆ, ਸੁਣਿਆ, ਵਿਚਾਰਿਆ ਤੇ ਸਤਿਕਾਰਿਆ ਗਿਆ। ਸੁਰਜੀਤ ਪਾਤਰ ਦੀ ਸ਼ਾਇਰੀ ਇਸ ਗੱਲ ਦੀ ਗਵਾਹ ਹੈ ਕਿ ਉਹ ਗਹਿਰਾ ਚਿੰਤਕ ਤੇ ਦਾਰਸ਼ਨਿਕ ਸੀ ਜਿਸ ਨੂੰ ਜੀਵਨ ਅਤੇ ਸਮਾਜ ਦੇ ਅਤੀਤ, ਵਰਤਮਾਨ ਤੇ ਭਵਿੱਖ ਦੀ ਗਹਿਰੀ ਸੋਝੀ ਸੀ। 11 ਮਈ, 2024 ਨੂੰ ਉਸ ਦੇ ਤੁਰ ਜਾਣ ਦੀ ਅਚਾਨਕ ਮਿਲੀ ਖ਼ਬਰ ਨਾਲ ਪੰਜਾਬੀ ਅਦਬ ਦੀ ਧਰਤੀ ਡਾਵਾਂਡੋਲ ਹੋ ਗਈ ਜਿਵੇਂ ਉਹ ਧੁਰਾ ਖੁਸ ਗਿਆ ਹੋਵੇ, ਜਿਸ ਦੇ ਇਰਦ-ਗਿਰਦ ਪੰਜਾਬੀ ਅਦਬ ਦੀ ਧਰਤੀ ਘੁੰਮਦੀ ਸੀ। ਉਸ ਨੇ ਪੰਜਾਬੀ ਜ਼ੁਬਾਨ ਤੇ ਸ਼ਾਇਰੀ ਨੂੰ ਅੰਤਰ-ਰਾਸ਼ਟਰੀ ਪੱਧਰ ‘ਤੇ ਪਹਿਚਾਣ ਤੇ ਮਾਣ ਦਵਾਇਆ। ਸੁਰਜੀਤ ਪਾਤਰ ਨਾ ਸਿਰਫ਼ ਇਕ ਸਿਰਮੌਰ ਸ਼ਾਇਰ ਸੀ ਸਗੋਂ ਆਪਣੀ ਹਲੀਮੀ, ਨਿਮਰਤਾ ਤੇ ਸਾਦਗੀ ਵਜੋਂ ਵੀ ਲਾਸਾਨੀ ਇਨਸਾਨ ਸੀ।

ਸੁਰਜੀਤ ਪਾਤਰ ਦਾ ਜਨਮ 14 ਜਨਵਰੀ, 1945 ਨੂੰ ਪੰਜਾਬ ਦੇ ਕਪੂਰਥਲਾ ਜ਼ਿਲ੍ਹੇ ਦੇ ਪਿੰਡ ਪੱਤੜ ਕਲਾਂ ਵਿਚ ਹੋਇਆ। ਬਚਪਨ ਵਿਚ ਉਸ ਨੇ ਸੰਘਣੇ ਦਰੱਖਤਾਂ ਦੀ ਛਾਂਵੇਂ ਚਿੱਟੇ ਸ਼ਮਲੇ ਤੇ ਚਿੱਟੇ ਚਾਦਰਿਆਂ ਵਾਲੇ ਗਵੱਈਆਂ ਨੂੰ ਇਕਤਾਰਾ ਤੇ ਅਲਗੋਜ਼ਿਆਂ ਨਾਲ ਗਾਉਂਦਿਆਂ ਸੁਣਿਆ। ਟਿੰਡਾਂ ਵਾਲੇ ਖੂਹਾਂ ਨੂੰ ਗਿੜਦੇ ਵੇਖਿਆ। ਪਿੰਡ ਦੇ ਗੁਰਦੁਆਰੇ ‘ਚੋਂ ਕੀਰਤਨ ਤੇ ਢਾਡੀਆਂ ਨੂੰ ਸੁਣਿਆ। ਲੰਮੀਆਂ ਬਾਤਾਂ ਸੁਣੀਆਂ। ਇਸ ਸਭ ਕੁਝ ਨੇ ਪਾਤਰ ਦੇ ਬਾਲ ਮਨ ਨੂੰ ਸਿਰਜਿਆ ਜੋ ਬਾਅਦ ਵਿਚ ਉਸ ਦੀ ਸ਼ਾਇਰੀ ਚੋਂ ਰੂਪਮਾਨ ਹੋਇਆ। ਪਾਤਰ ਨੇ ਆਪਣੇ ਪਿੰਡ ਦੇ ਸਕੂਲ ਤੋਂ ਪ੍ਰਾਇਮਰੀ ਤੇ ਰਣਧੀਰ ਗੌਰਮਿੰਟ ਕਾਲਜ, ਕਪੂਰਥਲਾ ਤੋਂ ਬੀ.ਏ ਕਰਨ ਉਪਰੰਤ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਪੰਜਾਬੀ ਵਿਭਾਗ ‘ਚੋਂ ਐਮ.ਏ. ਪ੍ਰਥਮ ਸਥਾਨ ਹਾਸਲ ਕਰਕੇ ਕੀਤੀ। ਪਟਿਆਲੇ ਹੀ ਉਸ ਦਾ ਮੇਲ ਭੂਤਵਾੜੇ ਦੇ ‘ਭੂਤਾਂ’ ਨਾਲ ਹੋਇਆ ਤੇ ਵਿਸ਼ਵ ਸਾਹਿਤ ਨਾਲ ਉਸ ਦੀ ਸਾਂਝ ਪਈ। ਬਾਅਦ ਵਿਚ ਉਸ ਨੇ ਗੁਰੂ ਨਾਨਕ ਦੇਵ ਯੂਨੀਵਰਿਸਟੀ, ਅੰਮ੍ਰਿਤਸਰ ਤੋਂ ‘ਗੁਰੂ ਨਾਨਕ ਬਾਣੀ ਵਿਚ ਲੋਕਧਾਰਾਈ ਰੂਪਾਂਤਰਣ’ ਵਿਸ਼ੇ ’ਤੇ ਪੀ ਐੱਚ. ਡੀ. ਕੀਤੀ। ਕੁਝ ਸਾਲ ਬਾਬਾ ਬੁੱਢਾ ਕਾਲਜ, ਬੀੜ ਸਾਹਿਬ ਵਿਚ ਲੈਕਚਰਾਰ ਰਿਹਾ। ਲੰਮਾ ਸਮਾਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣੇ ਵਿਚ ਅਧਿਆਪਕ ਵਜੋਂ ਕਾਰਜ ਕੀਤਾ। ਦੁਨੀਆਂ ਤੋਂ ਰੁਖ਼ਸਤੀ ਵੇਲੇ ਉਹ ਪੰਜਾਬ ਕਲਾ ਪ੍ਰੀਸ਼ਦ, ਚੰਡੀਗੜ੍ਹ ਦੇ ਪ੍ਰਧਾਨ ਦੇ ਅਹੁਦੇ ’ਤੇ ਬਿਰਾਜਮਾਨ ਸੀ।

ਸੁਰਜੀਤ ਪਾਤਰ ਨੇ ਕਾਵਿ ਰਚਨਾ ਤਾਂ ਸਕੂਲ ਕਾਲਜ ਵਿਚ ਪੜ੍ਹਦਿਆਂ ਹੀ ਸ਼ੁਰੂ ਕਰ ਦਿੱਤੀ ਸੀ। 1964 ਵਿਚ ਪ੍ਰੀਤਲੜੀ ਵਿਚ ਛਪਣ ਨਾਲ ਉਸ ਨੂੰ ਕਵੀ ਵਜੋਂ ਮਾਨਤਾ ਮਿਲ ਗਈ ਸੀ। ਪਹਿਲੇ ਗ਼ਜ਼ਲ ਸੰਗ੍ਰਹਿ ‘ਹਵਾ ਵਿਚ ਲਿਖੇ ਹਰਫ਼’ (1979) ਦੇ ਛਪਣ ਨਾਲ ਹੀ ਉਸ ਦੀ ਮਕਬੂਲੀਅਤ ਸਿਖਰਾਂ ‘ਤੇ ਜਾ ਪੁੱਜੀ। ਇਸ ਤੋਂ ਪਹਿਲਾਂ ਉਸ ਨੇ

ਆਪਣੇ ਦੋ ਹੋਰ ਮਿੱਤਰਾਂ ਨਾਲ ਮਿਲ ਕੇ 'ਕੋਲਾਜ' ਨਾਂ ਦਾ ਸਾਂਝਾ ਕਾਵਿ-ਸੰਗ੍ਰਹਿ ਵੀ ਛਪਵਾਇਆ ਸੀ। 'ਹਵਾ ਵਿਚ ਲਿਖੇ ਹਰਫ਼' ਤੋਂ ਬਾਅਦ ਉਸ ਦੇ 'ਬਿਰਖ ਅਰਜ਼ ਕਰੇ', 'ਹਨੇਰੇ ਵਿਚ ਸੁਲਗਦੀ ਵਰਨਮਾਲਾ', 'ਲਫ਼ਜ਼ਾਂ ਦੀ ਦਰਗਾਹ', 'ਪਤਝੜ ਦੀ ਪਾਜ਼ੇਬ', 'ਸੁਰਜ਼ਮੀਨ', 'ਚੰਨ ਸੂਰਜ ਦੀ ਵਹਿੰਗੀ' ਆਦਿ ਕਾਵਿ-ਸੰਗ੍ਰਹਿ ਪ੍ਰਕਾਸ਼ਿਤ ਹੋਏ। ਦੋ ਵਾਰਤਕ ਪੁਸਤਕਾਂ 'ਸੂਰਜ ਮੰਦਰ ਦੀਆਂ ਪੌੜੀਆਂ' ਤੇ 'ਇਹ ਬਾਤ ਨਿਰੀ ਏਨੀ ਹੀ ਨਹੀਂ' (ਕਿਸਾਨੀ ਅੰਦੋਲਨ ਬਾਰੇ ਲੇਖ' ਤੇ ਕਵਿਤਾਵਾਂ) ਛਪੀਆਂ। ਸਪੇਨੀ ਲੇਖਕ ਲੋਰਕਾ ਦੇ ਤਿੰਨ ਦੁਖਾਂਤ ਨਾਟਕਾਂ ਤੋਂ ਇਲਾਵਾ ਯਾਂ ਜਿਰਾਦੂ ਦੇ ਫ਼ਰੈਂਚ ਨਾਟਕ *ਲਾ ਫ਼ੋਲੇ ਡੇ ਸਈਓ ਤੇ* ਗਿਰੀਸ਼ ਕਾਰਨਾਡ ਦਾ ਨਾਟਕ '*ਨਾਗ ਮੰਡਲ*' ਦਾ ਸਿਰਜਣਾਤਮਕ ਅਨੁਵਾਦ ਕੀਤਾ/ ਬ੍ਰੈਖ਼ਤ ਤੇ ਨੈਰੂਦਾ ਦੀਆਂ ਕਵਿਤਾਵਾਂ ਸੰਪਾਦਤ ਤੇ ਅਨੁਵਾਦ ਕੀਤੀਆਂ। ਉਸ ਨੇ '*ਸਦੀ ਦੀਆਂ ਤਿਰਕਾਲਾਂ*' ਪੁਸਤਕ ਦਾ ਸੰਪਾਦਨ ਕਰਕੇ 20ਵੀਂ ਸਦੀ ਦੇ ਆਖ਼ਰੀ ਦਹਾਕਿਆਂ ਦੇ ਮੁੱਖ ਸ਼ਾਇਰਾਂ ਨੂੰ ਇਕ ਜਗ੍ਹਾ ਸਾਂਭਿਆ। ਹੁਣ ਉਹ 'ਸਦੀ ਦੀ ਸਵੇਰ' ਪੁਸਤਕ ਲਈ 21ਵੀਂ ਸਦੀ ਦੇ ਮੁੱਢਲੇ ਦਹਾਕਿਆਂ ਦੀ ਚੋਣਵੀਂ ਸ਼ਾਇਰੀ ਨੂੰ ਇਕੱਤਰ ਕਰ ਰਿਹਾ ਸੀ ਪਰ ਸਮੇਂ ਨੇ ਸਾਥ ਨਾ ਦਿੱਤਾ। ਸੁਰਜੀਤ ਪਾਤਰ ਨੂੰ ਅਨੇਕ ਇਨਾਮ ਸਨਮਾਨ ਮਿਲੇ। 1993 ਵਿਚ ਉਸ ਨੂੰ 'ਹਨੇਰੇ ਵਿਚ ਸੁਲਗਦੀ ਵਰਨਮਾਲਾ' ਲਈ ਸਾਹਿਤ ਅਕਾਦਮੀ ਦਾ ਸਨਮਾਨ ਅਤੇ 1997 ਵਿਚ ਭਾਸ਼ਾ ਵਿਭਾਗ ਪੰਜਾਬ ਵੱਲੋਂ 'ਸ਼੍ਰੋਮਣੀ ਪੰਜਾਬੀ ਕਵੀ ਸਨਮਾਨ' ਮਿਲਿਆ। ਸਰਸਵਤੀ ਸਨਮਾਨ ਤੋਂ ਇਲਾਵਾ 2012 ਵਿਚ ਭਾਰਤ ਸਰਕਾਰ ਵੱਲੋਂ ਉਸ ਨੂੰ ਪਦਮਸ਼੍ਰੀ ਸਨਮਾਨ ਨਾਲ ਨਿਵਾਜਿਆ ਗਿਆ।

ਸੁਰਜੀਤ ਪਾਤਰ ਨੇ ਪੰਜਾਬੀ ਸ਼ਾਇਰੀ ਨੂੰ ਸੱਜਰੇ ਤੇ ਸਜੀਲੇ ਕਾਵਿ-ਬਿੰਬਾਂ ਤੇ ਪ੍ਰਤੀਕਾਂ ਨਾਲ ਲਬਰੇਜ਼ ਕੀਤਾ। ਰੁੱਖ, ਬਿਰਖ, ਪੌਣ, ਹਵਾ, ਜੰਗਲ, ਸਾਜ਼ ਅਦਿ ਨੂੰ ਜਿਸ ਖ਼ੂਬਸੂਰਤੀ ਨਾਲ ਪਾਤਰ ਨੇ ਆਪਣੀ ਗ਼ਜ਼ਲ ਵਿਚ ਇਸਤੇਮਾਲ ਕੀਤਾ, ਉਹ ਕਿਸੇ ਹੋਰ ਦੇ ਹਿੱਸੇ ਨਹੀਂ ਆਇਆ। ਉਸ ਦੀ ਸ਼ਾਇਰੀ ਨੇ ਆਮ ਤੇ ਖ਼ਾਸ ਸਭ ਨੂੰ ਕੀਲਿਆ। ਉਸ ਦੀ ਸ਼ਾਇਰੀ ਆਮ ਲੋਕਾਈ ਵਿਚ ਵੀ ਤੇ ਅਕਾਦਮਿਕ ਪੱਧਰ 'ਤੇ ਵੀ ਬਰਾਬਰ ਪਰਵਾਨ ਚੜ੍ਹੀ। ਉਸ ਦਾ ਤਰੰਨੁਮ ਇੰਨਾ ਸੁਰੀਲਾ ਤੇ ਸੋਜ਼ਮਈ ਸੀ ਕਿ ਸਰੋਤੇ ਸਾਹ ਰੋਕ ਕੇ ਸੁਣਦੇ ਸਨ। ਮੌਤ ਤੋਂ ਇਕ ਰਾਤ ਪਹਿਲਾਂ ਉਹ ਲੁਧਿਆਣੇ ਵਿਚ ਰਾਤ ਦੇ ਖਾਣੇ ਦੌਰਾਨ ਆਪਣੇ ਮਿੱਤਰਾਂ ਨੂੰ ਤਰੰਨੁਮ ਵਿਚ ਜਿਹੜੀ ਗ਼ਜ਼ਲ ਸੁਣਾ ਰਿਹਾ ਸੀ, ਉਸ 'ਚੋਂ ਸਾਡੇ ਸਮਕਾਲ ਦਾ ਵੱਡਾ ਸੰਕਟ ਝਲਕਦਾ ਹੈ:

> ਹੁੰਦਾ ਸੀ ਏਥੇ ਸ਼ਖ਼ਸ ਇਕ ਸੱਚਾ ਕਿੱਧਰ ਗਿਆ,
> ਇਸ ਪੱਥਰਾਂ ਦੇ ਸ਼ਹਿਰ 'ਚੋਂ ਸ਼ੀਸ਼ਾ ਕਿੱਧਰ ਗਿਆ।

ਸੁਰਜੀਤ ਪਾਤਰ ਮੱਧ ਸ਼੍ਰੇਣਿਕ ਮਨੁੱਖ ਦੇ ਅੰਤਰ-ਦਵੰਦਾਂ, ਦੁਬਿਧਾਵਾਂ, ਉਦਾਸੀਆਂ, ਸੁਪਨਿਆਂ ਤੇ ਦਮਿਤ ਤ੍ਰਿਸ਼ਨਾਵਾਂ ਨੂੰ ਬਾਰੀਕਬੀਨੀ ਤੇ ਕਲਾਤਮਕਤਾ ਨਾਲ ਚਿਤਰਨ ਵਾਲਾ ਸ਼ਾਇਰ ਸੀ। ਪਿਆਰ ਬਾਰੇ ਲਿਖੀ ਉਸ ਦੀ ਸ਼ਾਇਰੀ ਵਿਚ ਵਿਜੋਗ ਦਾ ਰੰਗ ਭਾਰੂ ਹੈ। ਉਸ ਨੇ ਖੁੱਲ੍ਹੀ ਕਵਿਤਾ, ਗੀਤ ਤੇ ਗ਼ਜ਼ਲ ਤਿੰਨੇ ਰੂਪਾਕਾਰਾਂ ਵਿਚ ਰਚਨਾ ਕੀਤੀ। ਪੰਜਾਬੀ ਗ਼ਜ਼ਲ ਨੂੰ ਬੁਲੰਦੀਆਂ 'ਤੇ ਲਿਜਾਣ ਦਾ ਸਿਹਰਾ ਵੀ ਉਸ ਨੂੰ ਜਾਂਦਾ ਹੈ। ਸੰਗੀਤਕ ਲੈਅ ਵਿਚ ਬੱਝੇ ਬਹੁਪਰਤੀ ਤੇ ਬਹੁਅਰਥੀ ਸ਼ੇਅਰ ਕਹਿਣ ਵਿਚ ਉਸ ਦਾ ਕੋਈ ਸਾਨੀ ਨਹੀਂ। ਉਸ ਨੇ ਸਵੈ ਨਾਇਕਤਵ ਵਾਲਾ ਬਿੰਬ ਸਿਰਜਣ ਦੇ ਉਲਟ ਸਵੈ ਨਿਖੇਧ ਤੇ ਸਵੈ ਇਕਬਾਲੀਆ ਜੁਗਤ ਦਾ ਵੱਧ ਇਸਤੇਮਾਲ ਕੀਤਾ।

ਮੇਰੇ ਹੱਥਾਂ 'ਚ ਫੁੱਲ, ਮਨ ਵਿਚ ਬਦੀ ਸੀ।
ਬੁਝੀ ਸੀ ਰੂਹ ਤੇ ਕਾਇਆ ਸੁਲਗਦੀ ਸੀ।

ਉਜਲੇ ਸ਼ੀਸ਼ੇ ਸਨਮੁਖ ਮੈਨੂੰ ਚਿਰ ਤਕ ਨਾ ਖਲਿਆਰ।
ਮੈਲੇ ਮਨ ਬਾਰੇ ਮੁਜਰਿਮ ਨੂੰ ਇਸ ਮੌਤੇ ਨਾ ਮਾਰ।

ਸੁਰਜੀਤ ਪਾਤਰ ਰਾਜਨੀਤਿਕ ਚੇਤਨਾ ਤੇ ਇਤਿਹਾਸਕ ਸੋਝੀ ਰੱਖਣ ਵਾਲਾ ਸ਼ਾਇਰ ਸੀ। ਉਸ ਨੇ ਜਦ ਸ਼ਾਇਰੀ ਵਿਚ ਪ੍ਰਵੇਸ਼ ਕੀਤਾ ਤਾਂ ਆਜ਼ਾਦੀ ਦਾ ਰੋਮਾਂਸ ਖ਼ਤਮ ਹੋ ਚੁੱਕਾ ਸੀ ਤੇ ਇਨਕਲਾਬ ਦਾ ਸੁਪਨਾ ਖਿੰਡ ਰਿਹਾ ਸੀ। ਪੰਜਾਬ ਨਵੇਂ ਸੰਕਟ ਵਿਚ ਫਸਦਾ ਜਾ ਰਿਹਾ ਸੀ। ਇਸੇ ਤਰ੍ਹਾਂ ਦੇ ਮਾਹੌਲ 'ਚੋਂ ਹੀ ਉਹ 'ਹੁਣ ਘਰਾਂ ਨੂੰ ਪਰਤਣਾ ਮੁਸ਼ਕਲ ਬੜਾ ਹੈ' ਵਰਗੀ ਸ਼ਾਹਕਾਰ ਰਚਨਾ ਦੀ ਸਿਰਜਨਾ ਕਰਦਾ ਹੈ। ਆਧੁਨਿਕਤਾ ਦੇ ਨਾਲ ਆਏ ਤੇ ਆ ਰਹੇ ਪਰਿਵਰਤਨ ਰੂਬਰੂ ਸਨ। ਆਲਾ ਦੁਆਲਾ ਬਦਲ ਰਿਹਾ ਸੀ ਤੇ ਰਹਿਣ ਸਹਿਣ ਅਤੇ ਰਿਸ਼ਤੇ ਨਾਤਿਆਂ ਦੇ ਪਰੰਪਰਕ ਸਰੂਪ ਵਿਚ ਭੰਨਤੋੜ ਵਾਪਰ ਰਹੀ ਸੀ। ਸਭਿਆਚਾਰਕ ਬਦਲਾਅ ਦੇ ਵੱਖ-ਵੱਖ ਰੂਪ, ਉਸ ਦੀ ਸ਼ਾਇਰੀ ਵਿਚ ਬਹੁਤ ਖ਼ੂਬਸੂਰਤੀ ਤੇ ਵਿਅੰਗਮਈ ਲਹਿਜੇ ਵਿਚ ਪੇਸ਼ ਹੋਏ।

ਅਥਰੂ ਟੈਸਟ ਟਿਊਬ 'ਚ ਪਾ ਕੇ ਵੇਖਾਂਗੇ
ਕਲ੍ਹ ਰਾਤੀ ਤੂੰ ਕਿਸ ਮਹਿਬੂਬ ਨੂੰ ਰੋਇਆ ਸੀ।

ਪਿੰਡ ਜਿਨ੍ਹਾਂ ਦੇ ਗੱਡੇ ਚੱਲਣ ,ਹੁਕਮ ਅਤੇ ਸਰਦਾਰੀ
ਸ਼ਹਿਰ 'ਚ ਆ ਕੇ ਬਣ ਜਾਂਦੇ ਨੇ ,ਬੱਸ ਦੀ ਇੱਕ ਸਵਾਰੀ |

ਸੁਰਜੀਤ ਪਾਤਰ ਦੀ ਸ਼ਾਇਰੀ ਨੇ ਤਤਕਾਲੀ ਸਥਿਤੀਆਂ, ਸੰਕਟਾਂ ਤੇ ਵੰਗਾਰਾਂ ਪ੍ਰਤੀ ਆਪਣਾ ਕਾਵਿ-ਹੁੰਗਾਰਾ ਸਿਰਜਿਆ। ਉਸ ਦੀ ਸ਼ਾਇਰੀ 'ਚੋਂ ਸਮਿਆਂ ਦੇ ਦੁੱਖ-ਦਰਦ ਤੇ ਪੀੜਾ ਨੂੰ ਮਹਿਸੂਸਿਆ ਜਾ ਸਕਦਾ ਹੈ। 'ਬਿਰਖ ਅਰਜ਼ ਕਰੇ' ਕਾਵਿ-ਪੁਸਤਕ ਵਿਚ ਉਸ ਨੇ ਪੰਜਾਬ ਸੰਕਟ ਬਾਰੇ ਲਾਸਾਨੀ ਕਵਿਤਾਵਾਂ ਸਿਰਜੀਆਂ। ਉਸ ਦੀ ਕਵਿਤਾ ਫਿਰਕਾਪ੍ਰਸਤੀ ਤੇ ਸਥਾਪਤੀ ਦੇ ਤਾਨਾਸ਼ਾਹ ਵਿਹਾਰ ਪ੍ਰਤੀ ਆਪਣਾ ਕਾਵਿਕ-ਪ੍ਰਤਿਰੋਧ ਜ਼ਾਹਰ ਕਰਦੀ ਹੋਈ, ਉੱਚ ਇਨਸਾਨੀ ਕਦਰਾਂ-ਕੀਮਤਾਂ ਵਾਲੇ ਮਨੁੱਖੀ ਸਮਾਜ ਦਾ ਸੁਪਨਾ ਵੇਖਦੀ ਹੈ। 'ਬੰਸਰੀ ਬਿਰਤਾਂਤ', 'ਧੁਖਦਾ ਜੰਗਲ', 'ਲੱਗੀ ਨਜ਼ਰ ਪੰਜਾਬ ਨੂੰ' 'ਕਵੀ ਸਾਹਿਬ' ਆਦਿ ਇਸ ਦੌਰ ਬਾਰੇ ਉਸ ਦੀਆਂ ਚਰਚਿਤ ਕਵਿਤਾਵਾਂ ਹਨ। 'ਹਨੇਰੇ ਵਿਚ ਸੁਲਗਦੀ ਵਰਨਮਾਲਾ' ਵੀ ਤਤਕਾਲੀ ਸਮਿਆਂ ਦੇ ਸੰਤਾਪ ਦੀ ਹੀ ਕਾਵਿ ਗਾਥਾ ਹੈ। ਸਥਾਪਤੀ ਦੀ ਹਿੰਸਾ ਤੇ ਜਬਰ ਨੂੰ 'ਬੁੱਢੀ ਜਾਦੂਗਰਨੀ' ਕਵਿਤਾ ਵਿਚ ਉਸ ਨੇ ਇੰਜ ਚਿਤਰਿਆ:

ਮੈਂ ਬੁੱਢੀ ਜਾਦੂਗਰਨੀ ਬੜੇ ਮੰਤਰ ਜਾਣਦੀ ਹਾਂ

ਕੋਈ ਹਿੱਕ ਸਿਰਫ ਨਗਮੇ ਨਾਲ ਠਰਦੀ ਹੈ

ਕੋਈ ਹਿੱਕ ਸਿਰਫ ਤਗਮੇ ਨਾਲ ਠਰਦੀ ਹੈ

ਤੂੰ ਐਵੇਂ ਕਾਹਲਾ ਨਾ ਪੈ,

ਤੂੰ ਐਵੇਂ ਮਾਣ ਨਾ ਕਰ,

ਤੈਨੂੰ ਵੀ ਤੇਰੇ ਹਾਣ ਦੀ ਹੋਣੀ ਵਰ ਦਿਆਂਗੇ

ਜੀਣ ਜੋਗਾ ਤਾਂ ਹੋ, ਤੇਰੀ ਵੀ ਹੱਤਿਆ ਕਰ ਦਿਆਂਗੇ।

ਸੁਰਜੀਤ ਪਾਤਰ ਨੇ ਬਾਅਦ ਵਾਲੀ ਆਪਣੀ ਕਵਿਤਾ ਵਿਚ ਭਾਸ਼ਾ ਪ੍ਰਤੀ ਫਿਕਰਮੰਦੀ ਨੂੰ ਵੀ ਵਾਰ-ਵਾਰ ਜ਼ਾਹਰ ਕੀਤਾ। ਉਸ ਦੀ ਲੰਬੀ ਕਵਿਤਾ 'ਮਰ ਰਹੀ ਹੈ ਮੇਰੀ ਭਾਸ਼ਾ' ਖ਼ਾਸ ਧਿਆਨ ਮੰਗਦੀ ਹੈ ਜਿਸ ਵਿਚ ਉਸ ਨੇ ਭਾਸ਼ਾ ਦੇ ਵਰਤਮਾਨ ਤੇ ਭਵਿੱਖ ਬਾਰੇ ਮਹੱਤਵਪੂਰਨ ਟਿੱਪਣੀਆਂ ਕੀਤੀਆਂ। ਇਸੇ ਤਰ੍ਹਾਂ 'ਆਇਆ ਨੰਦ ਕਿਸ਼ੋਰ' ਉਸ ਦੀ ਬਹੁਤ ਹੀ ਮਹੱਤਵਪੂਰਨ ਕਵਿਤਾ ਹੈ, ਜਿਸ ਵਿਚ ਭਾਸ਼ਾ ਤੇ ਆਰਥਿਕਤਾ ਦੇ ਅੰਤਰ-ਸੰਬੰਧਾਂ ਦੀ ਗੱਲ ਕਰਦਿਆਂ ਪੰਜਾਬ ਦੀ ਸਾਧਨ ਸੰਪੰਨ ਸ਼੍ਰੇਣੀ ਦੇ ਪੰਜਾਬੀ ਤੋਂ ਬੇਮੁਖ ਹੋ ਜਾਣ ਨੂੰ ਸਾਹਮਣੇ ਲਿਆਂਦਾ ਗਿਆ। ਪੰਜਾਬੀ ਭਾਸ਼ਾ ਪ੍ਰਤੀ ਫਿਕਰਮੰਦੀ ਸਿਰਫ਼ ਉਸ ਦੀਆਂ ਕਵਿਤਾਵਾਂ 'ਚੋਂ ਹੀ ਜ਼ਾਹਰ ਨਹੀਂ ਹੁੰਦੀ ਸਗੋਂ ਉਸ ਨੇ ਨਿੱਜੀ ਤੌਰ 'ਤੇ ਇਸ ਦੇ ਰੁਤਬੇ ਦੀ ਬਹਾਲੀ ਲਈ ਯਤਨ ਕੀਤੇ। ਆਪਣੇ ਆਖਰੀ ਸਮੇਂ ਦੌਰਾਨ ਉਹ ਆਰਟੀਫਿਸ਼ਲ ਇੰਟੈਲੀਜੈਂਸ ਦੇ ਦੌਰ ਵਿਚ ਪੰਜਾਬੀ ਨੂੰ ਕੰਪਿਊਟਰ ਤੇ ਇੰਟਰਨੈੱਟ ਯੁਗ ਦੇ ਹਾਣ ਦਾ ਬਣਾਉਣ ਲਈ ਯਤਨਸ਼ੀਲ ਸੀ। ਉਸ ਨੇ ਇਸ ਬਾਬਤ ਪੰਜਾਬ ਸਰਕਾਰ ਤਕ ਨਿਰੰਤਰ ਪਹੁੰਚ ਕੀਤੀ ਅਤੇ ਇਸ ਦਿਸ਼ਾ ਵਿਚ ਕੰਮ ਕਰਵਾਉਣ ਲਈ ਦਬਾਅ ਬਣਾਇਆ।

ਸੁਰਜੀਤ ਪਾਤਰ ਦੇ ਸੁਭਾਅ ਦਾ ਜ਼ਿਕਰ ਕੀਤੇ ਬਗ਼ੈਰ ਉਸ ਬਾਰੇ ਗੱਲ ਮੁਕੰਮਲ ਨਹੀਂ ਹੋ ਸਕਦੀ। ਸੁਰਜੀਤ ਪਾਤਰ ਨੂੰ ਸ਼ਾਇਦ ਹੀ ਕਦੇ ਕਿਸੇ ਨੇ ਉੱਚੀ ਤੇ ਰੁੱਖੀ ਸੁਰ ਬੋਲਦੇ ਸੁਣਿਆ ਹੋਏਗਾ। ਹਲੀਮੀ, ਸਾਦਗੀ, ਮਿਠਾਸ ਤੇ ਇਸ ਤਰ੍ਹਾਂ ਦੇ ਹੋਰ ਜਿੰਨੇ ਵੀ ਸ਼ਬਦ ਹਨ, ਸਾਰੇ ਹੀ ਉਸ ਦੀ ਸ਼ਖ਼ਸੀਅਤ ਨਾਲ ਜੋੜੇ ਜਾ ਸਕਦੇ ਹਨ। ਇਕ ਵਾਰ ਪਾਤਰ ਸਾਹਿਬ ਨੂੰ ਪੁੱਛਿਆ,"ਕਦੇ ਤੁਸੀਂ ਕਿਸੇ ਨੂੰ ਗੁੱਸੇ 'ਚ ਉੱਚੀ ਬੋਲਿਆ ਹੋਵੇ, ਬਾਂਹ ਕੱਢਕੇ ਕਿਸੇ ਨਾਲ ਲੜੇ ਹੋਵੋ.. ?" ਪਾਤਰ ਸਾਹਿਬ ਸੋਚਣ ਲਗ ਪਏ, ਸੋਚੀ ਗਏ... ਫਿਰ ਹਲਕਾ ਜਿਹਾ ਮੁਸਕਰਾਏ ਤੇ ਬੋਲੇ, "ਨਈਂ.. ਯਾਦ ਨਈਂ....."। ਹਰ ਕਿਸੇ ਨੂੰ ਮੋਹ ਤੇ ਅਪਣੱਤ ਨਾਲ ਮਿਲਣਾ, ਪਾਤਰ ਦਾ ਸੁਭਾਅ ਸੀ। ਪਾਤਰ ਦੀ ਸੰਗਤ 'ਚ ਹਰ ਕਿਸੇ ਨੂੰ ਆਪਣਾ-ਆਪ ਵੱਡਾ-ਵੱਡਾ ਜਾਪਦਾ ਸੀ। ਤਪਦੇ ਸਮਿਆਂ 'ਚ ਸੰਘਣੀ ਛਾਂ ਵਾਲਾ ਬਿਰਛ ਸੀ ਪਾਤਰ। ਹਰ ਕੋਈ ਉਸ ਦੀ ਛਾਂਵੇਂ ਬਹਿਣਾ ਲੋਚਦਾ ਸੀ। ਹਮੇਸ਼ਾ ਸੋਹਣੇ ਬਚਨ ਬੋਲਣੇ, ਸੁਣਨ ਵਾਲੇ ਨੂੰ ਆਪਣਾ ਆਪ ਹੋਰ ਸੋਹਣਾ ਲਗਣ ਲਾ ਦੇਣਾ। ਸੁਰਜੀਤ ਪਾਤਰ ਤੇ ਕਵਿਤਾ ਕੋਈ ਦੋ ਜਣੇ ਥੋੜ੍ਹੀ ਸਨ। ਸੁਰਜੀਤ ਪਾਤਰ ਨੂੰ ਮਿਲਣਾ ਸਾਖ਼ਸ਼ਾਤ ਕਵਿਤਾ ਨੂੰ ਮਿਲਣਾ ਸੀ। ਇਸ ਤਰ੍ਹਾਂ ਦੇ ਯੁਗ ਪੁਰਸ਼ ਕਦੇ-ਕਦੇ ਆਉਂਦੇ ਨੇ, ਯੁਗਾਂ ਤਾਈਂ ਉਡੀਕਣਾ ਪੈਂਦਾ।